# ਕਵਾਡ ਸੀਨੀਅਰ ਸਾਈਬਰ ਗਰੁੱਪ ਦੀ ਸੰਯੁਕਤ ਪ੍ਰੈਸ ਰਿਲੀਜ਼

ਦਸੰਬਰ 15, 2023

ਕਵਾਡ ਸੀਨੀਅਰ ਸਾਈਬਰ ਗਰੁੱਪ ਦੀ ਪ੍ਰਿੰਸੀਪਲਾਂ ਦੀ ਤੀਜੀ ਵਿਅਕਤੀਗਤ ਮੀਟਿੰਗ, ਜਿਹੜੀ ਕਿ ਦਸੰਬਰ 5 ਅਤੇ 6 ਨੂੰ ਟੋਕਯੋ ਵਿਚ ਹੋਈ, ਦੀ ਚਰਚਾ ਦੇ ਅਧਾਰ ਤੇ, ਹਰੇਕ ਦੇਸ਼ ਦੇ ਵਫ਼ਦ ਦੇ ਮੁਖੀ ਨੇ ਹੇਠਾਂ ਲਿਖੀ ਕੁਆਡ ਸੀਨੀਅਰ ਸਾਈਬਰ ਗਰੁੱਪ ਦੀ ਸੰਯੁਕਤ ਪ੍ਰੈਸ ਰਿਲੀਜ਼ ਦਸੰਬਰ 14 ਨੂੰ ਜਾਰੀ ਕੀਤੀ:

ਅਸੀਂ - ਆਸਟ੍ਰੇਲੀਆ ਦੇ ਗ੍ਰਹਿ ਮਾਮਲਿਆਂ ਦੇ ਵਿਭਾਗ ਦੇ ਡਿਪਟੀ ਸਕੱਤਰ ਸਾਈਬਰ ਅਤੇ ਬੁਨਿਆਦੀ ਢਾਂਚਾ ਸੁਰੱਖਿਆ ਹੈਮਿਸ਼ ਹੈਂਸਫੋਰਡ, ਭਾਰਤ ਦੇ ਰਾਸ਼ਟਰੀ ਸਾਈਬਰ ਸੁਰੱਖਿਆ ਕੋਆਰਡੀਨੇਟਰ ਲੈਫਟੀਨੈਂਟ ਜਨਰਲ ਐਮ.ਯੂ, ਜਾਪਾਨ ਦੇ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਤੇ ਸਹਾਇਕ ਮੁੱਖ ਕੈਬਨਿਟ ਸਕੱਤਰ ਕੇਈਚੀ ਇਚਿਕਾਵਾ, ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦੇ ਉਪ ਸਹਾਇਕ ਅਤੇ ਸਾਈਬਰ ਅਤੇ ਉਭਰਦੀ ਤਕਨਾਲੋਜੀ ਲਈ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਐਨ ਨਿਊਬਰਗਰ - ਕਵਾਡ ਸੀਨੀਅਰ ਸਾਈਬਰ ਗਰੁੱਪ (QSCG) ਦੀ ਪ੍ਰਿੰਸੀਪਲਾਂ ਦੀ ਤੀਜੀ ਵਿਅਕਤੀਗਤ ਮੀਟਿੰਗ ਵਾਸਤੇ ਟੋਕਯੋ, ਜਪਾਨ ਵਿਚ ਮਿਲੇ, ਜਿਸਦੀ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਤੇ ਸਹਾਇਕ ਮੁੱਖ ਕੈਬਨਿਟ ਸਕੱਤਰ ਕੇਈਚੀ ਇਚਿਕਾਵਾ ਦੁਆਰਾ ਮੇਜ਼ਬਾਨੀ ਕੀਤੀ ਗਈ ਸੀ।

ਇਕੱਠੇ ਮਿਲ ਕੇ, ਅਸੀਂ ਇੰਡੋ-ਪੈਸੀਫਿਕ ਲਈ ਆਪਣੀ ਦ੍ਰਿੜ ਵਚਨਬੱਧਤਾ ਦੀ ਫਿਰ ਤੋਂ ਪੁਸ਼ਟੀ ਕਰਦੇ ਹਾਂ ਜੋ ਸਾਈਬਰ ਹਮਲਿਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਰੋਕਣ ਲਈ ਮਜਬੂਤ ਅਤੇ ਸੁਸੱਜਿਤ ਹੈ। ਕਵਾਡ ਦੇਸ਼ ਡਿਜੀਟਲ ਟੈਕਨਾਲੋਜੀ, ਸੰਚਾਰ ਅਤੇ ਮਜਬੂਤੀ ਨੂੰ ਬਿਹਤਰ ਬਣਾਉਣ ਵਿੱਚ ਦੁਨੀਆ ਦੇ ਨੇਤਾਵਾਂ ਵਿੱਚੋਂ ਹੈ ਅਤੇ ਸਾਈਬਰ ਰੁਕਾਵਟਾਂ ਤੋਂ ਆਪਣੇ ਸਰਕਾਰੀ ਨੈਟਵਰਕਾਂ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਰੱਖਿਆ ਕਰਨ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਇੰਡੋ-ਪੈਸੀਫਿਕ ਖੇਤਰ ਵਿੱਚ ਸਮਰੱਥਾ ਨਿਰਮਾਣ ਪ੍ਰਦਾਨ ਕਰਨ ਲਈ ਯਤਨ ਕਰ ਰਹੇ ਹਨ।

ਅਸੀਂ ਸਾਈਬਰਸਪੇਸ ਉੱਤੇ ਅੰਤਰਰਾਸ਼ਟਰੀ ਕਾਨੂੰਨ ਦੇ ਇਸਤੇਮਾਲ ਦੀ ਫਿਰ ਤੋਂ ਪੁਸ਼ਟੀ ਕੀਤੀ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਉੱਤੇ ਖੇਤਰ ਵਿੱਚ ਸਾਈਬਰ ਹਮਲਿਆਂ ਬਾਰੇ ਗੰਭੀਰ ਚਿੰਤਾ ਪ੍ਰਗਟ ਕੀਤੀ।

ਮੀਟਿੰਗ ਦੇ ਦੌਰਾਨ, ਅਸੀਂ ਕਵਾਡ ਸਾਈਬਰ ਪਹਿਲਕਦਮੀਆਂ 'ਤੇ ਤਰੱਕੀ ਦਾ ਸੁਆਗਤ ਕੀਤਾ। ਅਸੀਂ ਕਵਾਡ ਸਾਈਬਰ ਸੁਰੱਖਿਆ ਭਾਈਵਾਲੀ: ਸੰਯੁਕਤ ਸਿਧਾਂਤਾਂ, ਜਿਸਦੇ ਵਿਚ ਸੁਰੱਖਿਅਤ ਸਾਫਟਵੇਅਰ ਵਿਚ ਕੀਤੇ ਕਾਮ ਰਾਹੀਂ, ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਸਾਈਬਰ ਸੁਰੱਖਿਆ, ਆਪੂਰਤੀ ਲੜੀ ਦੀ ਮਜਬੂਤੀ ਅਤੇ ਸੁਰੱਖਿਆ, ਸਾਈਬਰ ਸੁਰੱਖਿਆ ਅਤੇ ਸਾਈਬਰ ਜਾਗਰੂਕਤਾ ਨੂੰ ਵਧਾਉਣ ਲਈ ਹਿੰਦ-ਪ੍ਰਸ਼ਾਂਤ ਭਰ ਦੇ ਭਾਗੀਦਾਰਾਂ ਨੂੰ ਉਤਸ਼ਾਹਿਤ ਕਰਨ ਲਈ ਕਵਾਡ ਸਾਈਬਰ ਚੈਲੇਂਜ ਸਮਾਗਮਾਂ ਦੁਆਰਾ ਸਾਈਬਰ ਜਾਗਰੂਕਤਾ ਸ਼ਾਮਲ ਹਨ, ਵਾਸਤੇ ਆਪਣੇ ਸਮਰਥਨ ਦੀ ਫਿਰ ਤੋਂ ਪੁਸ਼ਟੀ ਕੀਤੀ। ਅਸੀਂ ਹਿੰਦ-ਪ੍ਰਸ਼ਾਂਤ ਵਿਚ ਬੁਨਿਆਦੇ ਢਾਂਚੇ ਦੀ ਸੁਰੱਖਿਆ ਬਿਹਤਰ ਕਰਨ ਵਾਸਤੇ, ਸਮਰੱਥਾ ਨਿਰਮਾਣ ਪ੍ਰੋਜੈਕਟਾਂ ਰਾਹੀਂ ਸਾਈਬਰ ਸਰੋਤਾਂ ਦੇ ਸਾਂਝਾ ਕਰਨ ਦੇ ਵਿਚਾਰ ਦਾ ਵੀ ਸੁਆਗਤ ਕੀਤਾ। ਅਸੀਂ ਮਾਨਤਾ ਵੀ ਸਾਂਝੀ ਕੀਤੀ ਕਿ ਇੱਕ ਸਲਾਮਤ ਅਤੇ ਸੁਰੱਖਿਅਤ ਸਾਈਬਰਸਪੇਸ ਇੱਕ ਤੰਦਰੁਸਤ ਅਤੇ ਸੁਰੱਖਿਅਤ ਸਮਾਜ ਵਿਚ ਯੋਗਦਾਨ ਪਾਉਂਦੀ ਹੈ, ਅਤੇ ਅੰਤਰਰਾਸ਼ਟਰੀ ਸਹਿਯੋਗ ਇਸਦੀ ਕੁੰਜੀ ਹੈ।

ਸਾਂਝੀ ਕੀਤੀ ਮਾਨਤਾ ਦੇ ਅਧਾਰ ਤੇ ਕਿ ਸਾਈਬਰ ਹਮਲੇ ਬਾਰੰਬਾਰਤਾ ਅਤੇ ਜਟਿਲਤਾ ਵਿਚ ਵੱਧ ਰਹੇ ਹਨ, ਅਸੀਂ ਮਹੱਤਵਪੂਰਨ ਬੁਨਿਆਦੀ ਢਾਂਚੇ ਵਿੱਚ ਸੂਚਨਾ ਤਕਨਾਲੋਜੀ (IT) ਅਤੇ ਸੰਚਾਲਨ ਤਕਨਾਲੋਜੀ (OT) ਪ੍ਰਣਾਲੀਆਂ ਦੀ ਮਜਬੂਤੀ ਨੂੰ ਸੁਰੱਖਿਅਤ ਕਰਨ ਲਈ ਬਿਹਤਰ ਸਹਿਯੋਗ ਦੀ ਮਹੱਤਤਾ; ਇੰਟਰਨੈੱਟ ਆਫ਼ ਥਿੰਗਜ਼ (IoT) ਉਤਪਾਦਾਂ ਦੀ ਸਾਈਬਰ ਸੁਰੱਖਿਆ ਵਾਸਤੇ  ਕਵਾਡ ਰਾਸ਼ਟਰਾਂ ਦੀਆਂ ਲੇਬਲਿੰਗ ਸਕੀਮਾਂ ਦੀ ਆਪਸੀ ਮਾਨਤਾ ਨੂੰ ਯਕੀਨੀ ਬਣਾਉਣ; ਅਤੇ ਗੰਭੀਰ ਤੇ ਉਭਰਦੀ ਤਕਨਾਲੋਜੀ ਜਿਵੇਂ ਕਿ ਅਰਟੀਫਿਸ਼ਲ ਇੰਟੇਲਿਜੇਂਸ ਅਤੇ ਮਸ਼ੀਨ ਲਰਨਿੰਗ ਦੇ ਇਸਤੇਮਾਲ ਬਾਰੇ ਚਰਚਾ ਕੀਤੀ। ਅਸੀਂ ਮਹੱਤਵਪੂਰਨ ਖੇਤਰਾਂ ਵਾਸਤੇ ਭਰੋਸੇਮੰਦ, ਸੁਰੱਖਿਅਤ ਅਤੇ ਮਜਬੂਤ ਆਪੂਰਤੀ ਲੜੀ ਦੀ ਜਰੂਰਤ ਦੀ ਫਿਰ ਤੋਂ ਪੁਸ਼ਟੀ ਕੀਤੀ।

ਅਸੀਂ ਡਿਜ਼ੀਟਲ ਬੁਨਿਆਦੀ ਢਾਂਚਾ ਅਤੇ ਸੰਚਾਰ ਜਿਵੇਂ ਕਿ ਸਮੁੰਦਰ ਦੇ ਹੇਠਾਂ ਕੇਬਲ, ਦੂਰਸੰਚਾਰ ਨੈੱਟਵਰਕ ਅਤੇ ਕਲਾਊਡ ਸੇਵਾਵਾਂ ਸਮੇਤ ਖੇਤਰ ਵਿੱਚ ਸੁਰੱਖਿਅਤ ਅਤੇ ਮਜਬੂਤ ਸਾਈਬਰ ਸਪੇਸ ਨੂੰ ਮਹਿਸੂਸ ਕਰਨ ਲਈ ਜ਼ਰੂਰੀ ਸਹਿਯੋਗ ਦੇ ਖੇਤਰਾਂ ਬਾਰੇ ਚਰਚਾ ਕੀਤੀ। ਅਸੀਂ ਵਿਹਾਰਕ ਨਤੀਜੇ ਪਹੁੰਚਾਉਣ ਲਈ, ਜੋ QSCG ਰਾਹੀਂ ਖੇਤਰ ਵਿੱਚ ਸਮਰੱਥਾ ਨਿਰਮਾਣ ਦਾ ਸਮਰਥਨ ਕਰਨਗੇ, ਹਿੰਦ-ਪ੍ਰਸ਼ਾਂਤ ਦੇਸ਼ਾਂ ਨਾਲ ਕਾਮ ਜਾਰੀ ਰਖਾਂਗੇ।

ਅਸੀਂ, ਅਗਲੇ ਕਵਾਡ ਨੇਤਾਵਾਂ ਦੀ ਮੀਟਿੰਗ ਤੇ ਇੱਕ ਫੋਕਸ ਦੇ ਨਾਲ, ਕਵਾਡ ਸਾਈਬਰ ਪਹਿਲਕਦਮੀਆਂ ਦੀ ਤਰੱਕੀਆਂ ਵਾਸਤੇ, ਇੱਕ ਜਿਆਦਾ ਸੁਰੱਖਿਅਤ ਸਾਈਬਰ ਸਪੇਸ ਦੇ ਪ੍ਰਚਾਰ ਲਈ ਅਤੇ ਕਵਾਡ ਨੇਤਾਵਾਂ ਦਾ ਇੱਕ ਸੁਤੰਤਰ ਅਤੇ ਖੁਲੇ ਹਿੰਦ-ਪ੍ਰਸ਼ਾਂਤ ਵਾਸਤੇ ਦ੍ਰਿਸ਼ਟੀਕੋਣ ਪਹੁੰਚਾਉਣ ਵਾਸਤੇ, ਜੋ ਕਿ ਸਮਾਵੇਸ਼ੀ ਅਤੇ ਮਜਬੂਤ ਹੋਵੇ,  ਕਵਾਡ ਭਾਗੀਦਾਰਾਂ ਦੀ ਸਬੰਧਤ ਸ਼ਕਤੀਆਂ ਅਤੇ ਸਰੋਤਾਂ ਦਾ ਲਾਭ ਉਠਾਉਣ ਲਈ ਫਿਰ ਤੋਂ ਸਾਡੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹਾਂ।

**ਨਵੀ ਦਿੱਲੀ**
**ਦਸੰਬਰ 15, 2023**